# ਪੰਜਾਬ ਰਾਜ ਬਿਜਲੀ ਬੋਰਡ

ਦਫਤਰ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਭਾਗ

ਵੱਲ

1. ਸਾਰੇ ਇੰਜੀਨੀਅਰ- ਇਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ।
2. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਸਾਰੇ ਡਾਇਰੈਕਟਰਜ/ਡਿਪਟੀ ਡਾਇਰੈਕਟਰਜ।
3. ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਆਰ. ਈਜ.
4. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ ਅਤੇ ਲੇਖਾ ਅਫਸਰ ਫੀਲਡਜ/ ਸਾਰੇ ਲੇਖਾ ਅਫਸਰ ਪ੍ਰਿਆਡਿਟ।
5. ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ/ਨਿੱਜੀ ਸਕੱਤਰ
6. ਸਾਰੇ ਹੈਡ ਆਫ ਦੀ ਸੈਕਸ਼ਨਜ਼ (H.O) ਅਤੇ ਸੁਪਰਡੈਂਟ ਮੈਡੀਕਲ ਸੇਵਾ (ਵੀਜ਼ਨ)
7. ਪੰਜਾਬ ਰਾਜ ਬਿਜਲੀ ਬੋਰਡ ਦੀਆਂ ਸਮੂਹ ਮੁਲਾਜ਼ਮ ਜਥੇਬੰਦੀਆ ਦੇ ਪ੍ਰਧਾਨ/ਸਕੱਤਰ

ਪੱਤਰ ਨੰ 11233/12282/ਪੈਨਸ਼ਨ ਆਡਿਟ/ਲੂਜ ਮਿਤੀ 29-09-2006

**ਵਿਸ਼ਾ : ਪਰਿਵਾਰਿਕ ਪੈਨਸ਼ਨ ਕੇਸ ਤਿਆਰ ਕਰਕੇ ਭੇਜਣ ਸਬੰਧੀ ਗਾਈਡ ਲਾਈਨਜ।**

ਇਸ ਦਫਤਰ ਵਿੱਚ ਜੋ ਪਰਿਵਾਰਿਕ ਪੈਨਸ਼ਨ ਕੇਸ ਪ੍ਰਾਪਤ ਹੋ ਰਹੇ ਹਨ ਉਹ ਅਧੂਰੀ ਹਾਲਤ ਵਿੱਚ ਪ੍ਰਾਪਤ ਹੋਣ ਕਰਕੇ ਕਈ ਵਾਰ ਮ੍ਰਿਤਕ ਦੇ ਆਸ਼ਰਿਤਾਂ ਨੂੰ ਮਹੀਨੇਵਾਰੀ ਪੈਨਸ਼ਨ ਨਹੀਂ ਮਿਲਦੀ। ਸਮੇਂ ਸਿਰ ਪਰਿਵਾਰਿਕ ਪੈਨਸ਼ਨ ਦੀ ਅਦਾਇਗੀ ਨਾ ਹੋਣ ਕਾਰਨ ਮ੍ਰਿਤਕ ਦੇ ਵਾਰਸਾਂ ਨੂੰ ਮਾਲੀ ਔਕੜਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਇਸ ਮਹਿਕਮੇ ਦੀ ਸਾਖ ਨੂੰ ਵੀ ਧੱਕਾ ਲਗਦਾ ਹੈ। ਇਸ ਲਈ ਇਸ ਪੱਤਰ ਰਾਹੀਂ ਪਰਿਵਾਰਿਕ ਪੈਨਸ਼ਨ ਕੇਸ ਇਸ ਦਫਤਰ ਨੂੰ ਭੇਜਣ ਸਬੰਧੀ ਵਿਸਥਾਰ ਵਿਚ ਲੋੜੀਂਦੀ ਸੇਧ, ਆਪ ਸਭ ਦੀ ਜਾਣਕਾਰੀ ਅਤੇ ਕੇਸ ਨੂੰ ਸਹੀ ਰੂਪ ਵਿਚ ਇਸ ਦਫਤਰ ਨੂੰ ਭੇਜਣ ਵਿਚ ਸਹਾਈ ਹੋਣ ਲਈ, ਹੇਠ ਅਨੁਸਾਰ ਲਿਖੀ ਜਾ ਰਹੀ ਹੈ।

1 **ਨਾਰਮਲ ਪਰਿਵਾਰਿਕ ਪੈਨਸ਼ਨ** : ਇਹ ਪੈਨਸ਼ਨ ਰਿਟਾਇਰੀ ਅਤੇ ਮ੍ਰਿਤਕ ਅਧਿਕਾਰੀ / ਕਰਮਚਾਰੀ ਦੇ ਸਪਾਊਸ ਨੂੰ ਅਤੇ ਉਸ ਦੇ ਨਾ ਹੋਣ ਦੀ ਸੂਰਤ ਵਿਚ ਪੰਜਾਬ ਸਿਵਲ ਸਰਵਿਸਿਜ਼ ਰੂਲਾਂ ਅਧੀਨ ਕੀਤੀ ਗਈ ਵਿਆਖਿਆ ਅਨੁਸਾਰ ਪਰਿਵਾਰ ਦੇ ਆਸ਼ਰਿਤ ਮੈਂਬਰਾਂ ਨੂੰ ਅਦਾ ਕੀਤੀ ਜਾਂਦੀ ਹੈ :

(1) ਇਸ ਪੈਨਸ਼ਨ ਦੀ ਅਦਾਇਗੀ ਸਬੰਧੀ ਇਸ ਦਫਤਰ ਵਲੋਂ ਜਾਰੀ ਰਿਟਾਇਰੀ ਦੇ ਪੀ ਪੀ ਓ ਵਿਚ ਹੀ ਉਸ ਦੇ ਸਪਾਊਸ ਦਾ ਨਾਮ ਅਤੇ ਉਸ ਨੂੰ ਮਿਲਣਵਾਲੀ ਮਹੀਨਾਵਾਰ ਮੂਲ ਪੈਨਸ਼ਨ ਦਰਸਾਈ ਜਾਂਦੀ ਹੈ ਅਤੇ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਰਿਟਾਇਰੀ ਦੀ ਮੌਤ ਹੋ ਜਾਣ ਤੇ ਉਸ ਦੀ ਮੌਤ ਤੋਂ ਅਗਲੇ ਦਿਨ ਤੋਂ ਹੀ ਸਪਾਊਸ ਨੂੰ ਮਿਥੀ ਗਈ ਪਰਿਵਾਰਿਕ ਪੈਨਸ਼ਨ ਦੇ ਅਧਾਰ ਤੇ ਪੈਨਸ਼ਨ ਸ਼ੁਰੂ ਕਰ ਦਿੱਤੀ ਜਾਵੇ। ਅਜਿਹੇ ਕੇਸ ਵਿਚ ਸਬੰਧਤ ਡੀ ਡੀ ਓ ਰਿਟਾਇਰੀ ਦੀ ਮੌਤ ਦਾ ਸਰਟੀਫਿਕੇਟ, ਵਿਧਵਾ / ਵਿਧੁਰ ਪਾਸੋਂ ਹਲਫੀਆ ਬਿਆਨ ਕਿ ਉਸ ਨੇ ਮ੍ਰਿਤਕ ਦੀ ਮੌਤ ਬਾਦ ਕੋਈ ਦੂਜੀ ਸ਼ਾਦੀ ਨਹੀਂ ਕਰਵਾਈ ਅਤੇ ਨਾ ਹੀ ਉਹ ਕਿਸੇ ਹੋਰ ਅਦਾਰੇ ਵਿਚੋਂ ਕੋਈ ਪੈਨਸ਼ਨ ਲੈ ਰਿਹਾ / ਰਹੀ ਹੈ ਅਤੇ ਇਸ ਦਫਤਰ ਵਲੋਂ ਅਜਿਹੀ ਨਾਰਮਲ ਪੈਨਸ਼ਨ ਲਈ ਨਿਰਧਾਰਿਤ ਬਣੇ ਪੱਤਰ ਭਰਵਾ ਕੇ ਆਪਣੀ ਤਸੱਲੀ ਕਰਨ ਉਪਰੰਤ ਮ੍ਰਿਤਕ ਦੇ ਸਪਾਊਸ ਜਿਸ ਦਾ ਨਾਮ ਅਸਲ ਪੀ ਪੀ ਓ ਵਿਚ ਦਰਜ ਹੈ ਨੂੰ ਨਾਰਮਲ ਪਰਿਵਾਰਿਕ ਪੈਨਸ਼ਨ ਅਦਾ ਕਰ ਦੇਵੇ। ਅਜਿਹੇ ਕੇਸਾਂ ਵਿਚ ਇਸ ਦਫਤਰ ਦੀ ਕੋਈ ਮੰਨਜੂਰੀ ਨਹੀਂ ਲੈਣੀ ਹੁੰਦੀ। ਜਿਹੜੇ ਦਸਤਾਵੇਜ ਡੀ ਡੀ ਓ ਨੇ ਮ੍ਰਿਤਕ ਦੇ ਸਪਾਊਸ ਪਾਸੋਂ ਹਾਸਿਲ ਕੀਤੇ

ਹਨ ਉਹਨਾਂ ਨੂੰ ਅਪਣੇ ਦਫਤਰ ਵਿੱਚ ਪੀ ਪੀ ਓ ਦੇ ਨਾਲ ਸਾਂਭ ਕੇ ਰੱਖਣ ਤੋਂ ਇਲਾਵਾ ਉਹਨਾਂ ਦੀ ਇੱਕ ਫੋਟੋ ਕਾਪੀ ਇਸ ਦਫਤਰ ਨੂੰ ਭੇਜ ਦੇਵੇ ਤਾਂ ਜੋ ਇਸ ਦਫਤਰ ਵਿਚ ਮ੍ਰਿਤਕ ਦੇ ਰਿਕਾਰਡ ਦੀ ਕੰਮਪਿਊਟਰ ਵਿਚ ਜਰੂਰੀ ਸੋਧ ਕੀਤੀ ਜਾ ਸਕੇ।

ਜੇਕਰ ਕੋਈ ਹੋਰ ਵਿਅਕਤੀ ਜਿਸ ਦਾ ਨਾਮ ਰਿਟਾਇਰੀ ਦੇ ਪੀ ਪੀ ਓ ਵਿਚ ਦਰਜ ਨਹੀਂ ਹੈ ਮ੍ਰਿਤਕ ਦੀ ਪੈਨਸ਼ਨ ਲੈਣ ਲਈ ਅੱਗੇ ਆਉਂਦਾ ਹੈ ਤਾਂ ਅਜਿਹੇ ਕੇਸ ਨੂੰ ਬਿਲਕੁਲ ਨਵਾਂ ਕੇਸ ਸਮਝ ਕੇ ਨਜਿਠੀਆ ਜਾਣਾ ਚਾਹੀਦਾ ਹੈ ਅਤੇ ਉਸ ਪਾਸੋਂ ਪ੍ਰਾਪਤ ਲੋੜੀਂਦੇ ਸਾਰੇ ਦਸਤਾਵੇਜ, ਅਸਲ ਪੀ ਪੀ ਓ ਤੇ ਕੀਤੀ ਅੰਤਿਮ ਅਦਾਇਗੀ ਦਾ ਵੇਰਵਾ ਦੇਣ ਉਪਰੰਤ ਇਸ ਦਫਤਰ ਨੂੰ ਭੇਜ ਦੇਣੇ ਚਾਹੀਦੇ ਹਨ। ਅਜਿਹੇ ਕੇਸ ਵਿਚ ਇਸ ਦਫਤਰ ਦੀ ਮੰਨਜੂਰੀ ਤੋਂ ਬਿਨਾਂ ਕੋਈ ਅਦਾਇਗੀ ਨਹੀਂ ਕੀਤੀ ਜਾਣੀ ਚਾਹੀਦੀ।

(2) ਜਿਸ ਸਮੇਂ ਕਿਸੇ ਅਧਿਕਾਰੀ / ਕਰਮਚਾਰੀ ਦੀ ਮੌਤ ਸੇਵਾ ਕਾਲ ਦੌਰਾਨ ਹੋ ਜਾਂਦੀ ਹੈ ਤਾਂ ਉਸ ਦੇ ਸਪਾਊਸ ਨੂੰ ਜੋ ਪਰਿਵਾਰਿਕ ਪੈਨਸ਼ਨ ਦੀ ਮੰਜੂਰੀ ਦਿਤੀ ਜਾਂਦੀ ਹੈ ਉਸ ਪੀ ਪੀ ਓ ਵਿਚ ਸਾਫ ਤੌਰ ਤੇ ਲਿਖਿਆ ਜਾਂਦਾ ਹੈ ਕਿ ਇਸ ਪੈਨਸ਼ਨਰ ਨੂੰ ਇਸ ਮਿਤੀ ਤੋਂ ਨਾਰਮਲ ਪਰਿਵਾਰਿਕ ਪੈਨਸ਼ਨ ਦਿਤੀ ਜਾਵੇ। ਇਸੇ ਹੀ ਤਰ੍ਹਾਂ ਨਾਰਮਲ ਪੈਨਸ਼ਨ, ਸਪੈਸਲ / ਅਸਾਧਾਰਨ ਪੈਨਸ਼ਨ ਦੇ ਕੇਸ ਵਿਚ ਮ੍ਰਿਤਕ ਦੀ ਰਿਟਾਇਰਮੈਂਟ ਦੀ ਮਿਤੀ ਤੋਂ ਬਾਦ ਦਿਤੀ ਜਾਂਦੀ ਹੈ ਜਿਸ ਅਧਿਕਾਰੀ / ਕਰਮਚਾਰੀ ਦੇ ਸਪਾਊਸ / ਵਾਰਿਸ ਨੂੰ ਲਿਵਰਲਾਈਜਡ ਪੈਨਸ਼ਨ ਦਿਤੀ ਜਾਂਦੀ ਹੈ ਉਸ ਕੇਸ ਵਿਚ ਮ੍ਰਿਤਕ ਦੀ ਮੌਤ ਤੋਂ 7 ਸਾਲ ਬਾਦ ਜਾਂ ਰਿਟਾਇਰਮੈਂਟ ਦੀ ਮਿਤੀ ਜੋ ਵੀ ਪਹਿਲਾਂ ਹੋਵੇ ਤੋਂ ਨਾਰਮਲ ਪੈਨਸ਼ਨ ਅਦਾ ਕੀਤੀ ਜਾਂਦੀ ਹੈ। ਇਸ ਕੇਸ ਵਿੱਚ ਕੋਈ ਅਲਗ ਬਿਨੈ ਪਤਰ ਮ੍ਰਿਤਕ ਦੇ ਸਪਾਊਸ / ਆਸ਼ਰਿਤ ਵਾਰਸਾਂ ਵਲੋਂ ਨਹੀਂ ਭਰਿਆ ਜਾਂਦਾ। ਬਿਜਲੀ ਬੋਰਡ ਵਲੋਂ ਨਿਰਧਾਰਿਤ ਪਰਿਵਾਰਿਕ ਪੈਨਸ਼ਨ ਦਾ ਫਾਰਮ ਇਕ ਬਾਰ ਹੀ ਭਰਿਆ ਜਾਂਦਾ ਹੈ।

ਜੇਕਰ ਮ੍ਰਿਤਕ ਦੀ ਗਰੈਚੁਟੀ ਦੇ ਕਈ ਹੱਕਦਾਰ ਹੋਣ ਉਸ ਸੂਰਤ ਵਿੱਚ ਗਰੈਚੁਟੀ ਲਈ ਨਿਰਧਾਰਿਤ ਫਾਰਮ ਹਰ ਹੱਕਦਾਰ ਵੱਲੋਂ ਵੱਖਰੇ ਤੌਰ ਤੇ ਭਰਿਆ ਜਾਣਾਂ ਚਾਹੀਦਾ ਹੈ। ਮਾਈਨਰ ਹੱਕਦਾਰਾਂ ਨੂੰ ਇਹ ਫਾਰਮ ਭਰਨ ਦੀ ਲੋੜ ਨਹੀਂ ਹੈ। ਉਹਨਾਂ ਦਾ ਹਿੱਸਾ ਆਪਣੇ ਆਪ ਹੀ ਉਹਨਾਂ ਦੀ ਮਾਤਾ / ਪਿਤਾ ਜੋ ਵੀ ਹੋਵੇ ਨੂੰ ਅਦਾ ਹੋ ਜਾਵੇਗਾ। ਮੇਜਰ ਹੱਕਦਾਰ ਜੋ ਅਪਣਾ ਹਿੱਸਾ ਕਿਸੇ ਹੋਰ ਨੂੰ ਦੇਣਾ ਚਾਹੁੰਦਾ ਹੈ ਤਾਂ ਉਹ ਹਲਫੀਆ ਬਿਆਨ ਜਿਹੜਾ ਕਿ ਦਰਜ਼ਾ ਅਵੱਲ ਮੈਜਿਸਟਰੇਟ ਤੋਂ ਤਸਦੀਕ ਹੋਵੇ ਵਿੱਚ ਬਿਆਨ ਕਰਕੇ ਇਹ ਹੱਕ ਕਿਸੇ ਹੋਰ ਦੇ ਪੱਖ ਵਿਚ ਛੱਡ ਸਕਦਾ ਹੈ। ਜੇਕਰ ਮ੍ਰਿਤਕ ਅਧਿਕਾਰੀ / ਕਰਮਚਾਰੀ ਵਲੋਂ ਕੋਈ ਨਾਮੀਨੇਸਨ ਭਰੀ ਹੋਈ ਹੈ ਤਾਂ ਇਹ ਅਦਾਇਗੀ ਉਸ ਦੀ ਨਾਮੀਨੇਸ਼ਨ ਦੇ ਅਧਾਰ ਤੇ ਗਰੈਚੁਟੀ ਮੰਨਜੂਰ ਕਰਤਾ ਅਧਿਕਾਰੀ ਵਲੋਂ ਸਬੰਧਤ ਫਾਰਮ ਵਿੱਚ ਉਸ ਦਾ ਨਾਮ ਅਤੇ ਅਦਾਇਗੀ ਯੋਗ ਰਕਮ ਲਿਖ ਕੇ ਮੰਨਜੂਰ ਕਰਕੇ ਇਸ ਦਫਤਰ ਨੂੰ ਭੇਜੀ ਜਾਣੀ ਚਾਹੀਦੀ ਹੈ।

2 **ਲਿਬਰਲਾਈਜਡ ਪਰਿਵਾਰਿਕ ਪੈਨਸ਼ਨ** : ਇਹ ਹਰ ਉਸ ਅਧਿਕਾਰੀ / ਕਰਮਚਾਰੀ ਜਿਹਨਾਂ ਦੀ ਮੌਤ ਨੌਕਰੀ ਦੌਰਾਨ ਹੋ ਜਾਂਦੀ ਹੈ ਦੇ ਸਪਾਊਸ ਜਾਂ ਉਸ ਦੇ ਨਾ ਹੋਣ ਦੀ ਸਥਿਤੀ ਵਿਚ ਪੰਜਾਬ ਸਿਵਲ ਸਰਵਿਸ਼ਜ਼ ਰੂਲ ਵਿੱਚ ਵਖਿਆਨ ਕੀਤੇ ਪਰਿਵਾਰ ਦੇ ਵਾਰਿਸ ਨੂੰ ਦਿਤੀ ਜਾਂਦੀ ਹੈ ਜਿਹਨਾਂ ਨੂੰ ਅਸਾਧਾਰਨ ਅਤੇ ਸਪੇਸ਼ਲ ਪੈਨਸ਼ਨ ਮਿਲਣਯੋਗ ਨਹੀਂ ਹੁੰਦੀ। ਇਹ ਪੈਨਸ਼ਨ ਮੌਤ ਦੀ ਮਿਤੀ ਤੋਂ 7 ਸਾਲ ਤੱਕ ਜਾਂ ਫਿਰ ਰਿਟਾਇਰਮੈਂਟ ਦੀ ਮਿਤੀ ਤੱਕ ਦੋਨ੍ਹਾਂ ਵਿਚੋਂ ਜਿਹੜੀ ਵੀ ਘੱਟਨਾਂ ਪਹਿਲਾਂ ਘੱਟੇ ਤੱਕ ਅਦਾ ਕੀਤੀ ਜਾਂਦੀ ਹੈ। ਇਸ ਲਈ ਕੋਈ ਵਖਰਾ ਫਾਰਮ ਨਹੀਂ ਭਰਵਾਇਆ ਜਾਂਦਾ। ਮ੍ਰਿਤਕ ਦੇ ਸਪਾਊਸ ਵਲੋਂ ਇਕ ਹੀ ਫਾਰਮ ਭਰਿਆ ਜਾਂਦਾ ਹੈ ਜਿਸ ਉਪਰ ਸਾਰੀਆਂ ਪੈਨਸ਼ਨਾਂ ਮੰਨਜੂਰ ਕੀਤੀਆਂ ਜਾਂਦੀਆਂ ਹਨ।

3 **ਅਸਾਧਾਰਨ (Extra Ordinary) ਪਰਿਵਾਰਿਕ ਪੈਨਸ਼ਨ** : ਇਹ ਪੈਨਸ਼ਨ ਉਸ ਮ੍ਰਿਤਕ ਅਧਿਕਾਰੀ / ਕਰਮਚਾਰੀ ਦੇ ਪਰਿਵਾਰ ਨੂੰ ਦਿਤੀ ਜਾਂਦੀ ਹੈ ਜਿਸ ਦੀ ਮੌਤ ਡਿਊਟੀ ਦੌਰਾਨ ਕੰਮ ਕਰਦੇ ਸਮੇਂ ਹੋ ਜਾਵੇ। ਇਸ ਪੈਨਸ਼ਨ ਲਈ ਮ੍ਰਿਤਕ ਦੇ ਅਧਿਕਾਰੀਆਂ ਵਲੋਂ ਬਕਾਇਦਾ ਐਫ. ਆਈ. ਆਰ. ਦੀ ਕਾਪੀ, ਪੋਸਟਮਾਰਟਮ ਰਿਪੋਰਟ, ਨਰੇਟਿਵ ਰਿਪੋਰਟ ਦੇ ਨਾਲ ਨਾਲ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਹਾਦਸਾ ਕਿਹੜੇ ਕਾਰਨਾਂ ਕਰਕੇ ਵਾਪਿਰਆ ਅਤੇ ਇਸ ਲਈ ਜ਼ਿੰਮੇਵਾਰ ਕੌਣ ਸੀ। ਮ੍ਰਿਤਕ ਦੇ ਨਿਯੁਕਤੀ ਅਧਿਕਾਰੀ ਵਲੋਂ ਅਸਾਧਾਰਨ ਪਰਿਵਾਰਿਕ ਪੈਨਸ਼ਨ ਮੰਨਜੂਰ ਦਾ ਦਫਤਰੀ ਹੁਕਮ ਜਾਰੀ ਕੀਤਾ ਜਾਂਦਾ ਹੈ। ਬਿਨਾਂ ਇਹਨਾਂ ਸਬੂਤਾਂ ਦੇ ਇਹ ਪੈਨਸ਼ਨ ਅਦਾ ਨਹੀਂ ਕੀਤੀ ਜਾਂਦੀ। ਇਸ ਤੋਂ ਇਲਾਵਾ ਇਹ ਪੈਨਸ਼ਨ ਅਤਿਵਾਦੀਆਂ ਦੇ ਹੱਥੋਂ ਮੌਤ ਦਾ ਸ਼ਿਕਾਰ ਹੋਏ ਅਧਿਕਾਰੀਆਂ / ਕਰਮਚਾਰੀਆਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਦਿਤੀ ਜਾਂਦੀ ਹੈ। ਇਸ ਲਈ ਸਬੰਧਤ ਜ਼ਿਲੇ ਦੇ ਡੀ ਸੀ ਵਲੋਂ ਜਾਰੀ ਸਰਟੀਫਿਕੇਟ ਤੋਂ ਇਲਾਵਾ ਪੋਸਟਮਾਰਟਮ ਅਤੇ ਐਫ ਆਈ ਆਰ ਦੀ ਕਾਪੀ ਵੀ ਕੇਸ ਦੇ ਨਾਲ ਨੱਥੀ ਕਰ ਕੇ ਭੇਜੀ ਜਾਣੀ ਚਾਹੀਦੀ ਹੈ।

4 **ਸਪੈਸ਼ਲ ਪਰਿਵਾਰਿਕ ਪੈਨਸ਼ਨ (ਨੌਕਰੀ ਦੀ ਥਾਂ)** : ਇਹ ਪੈਨਸ਼ਨ ਉਸ ਮ੍ਰਿਤਕਾਂ ਦੇ ਸਪਾਉਸ ਨੂੰ ਦਿੱਤੀ ਜਾਂਦੀ ਹੈ ਜਿਸ ਨੂੰ ਨਿਯਮਾਂ ਅਧੀਨ ਮ੍ਰਿਤਕ ਦੀ ਮੌਤ ਤੋਂ ਬਾਦ ਨੌਕਰੀ ਮਿਲਣਯੋਗ ਹੈ। ਇਹਨਾਂ ਕੇਸਾਂ ਦਾ ਨਿਪਟਾਰਾ ਇਸ ਦਫਤਰ ਵਲੋਂ ਨਹੀਂ ਸਗੋਂ ਸਕੱਤਰ ਈ ਐਨ ਜੀ ਭਾਗ-2 ਵਲੋ ਕੀਤਾ ਜਾਂਦਾ ਹੈ। ਇਸ ਪੈਨਸ਼ਨ ਨੂੰ ਹਾਸਿਲ ਕਰਨ ਲਈ ਸਕੱਤਰ ਈ ਐਨ ਜੀ ਭਾਗ-2 ਵਲੋਂ ਨਿਰਧਾਰਿਤ ਫਾਰਮ ਭਰੇ ਜਾਂਦੇ ਹਨ। ਇਸ ਫਾਰਮ ਨਾਲ ਡਾਕੂਮੈਂਟਸ ਵੀ ਈ ਐਨ ਜੀ-2 ਵਲੋਂ ਨਿਰਧਾਰਿਤ ਕੀਤੇ ਹੀ ਲਗਾਏ ਜਾਂਦੇ ਹਨ। ਇਹਨਾਂ ਕੇਸਾਂ ਵਿਚ ਮ੍ਰਿਤਕ ਦੇ ਵਾਰਿਸ ਨੂੰ ਸਲੇਸ਼ਿਅਮ ਘੱਟੋ ਘੱਟ ਤਿੰਨ ਲੱਖ ਰੁਪਏ ਅਤੇ ਵੱਧ ਤੋਂ ਵੱਧ 5 ਲੱਖ ਰੁਪਏ ਪੈਨਸ਼ਨ ਕਮਿਉਟੇਸ਼ਨ ਦੇ ਫਾਰਮੂਲੇ ਨਾਲ ਤਿਆਰ ਕਰ ਕੇ ਦਿਤਾ ਜਾਦਾ ਹੈ। ਇਸ ਦਫਤਰ ਵਿਚ ਸਲੇਸ਼ਿਅਮ ਦੀ ਅਦਾਇਗੀ ਦੇ ਹੁਕਮ ਪ੍ਰਾਪਤ ਹੋਣ ਉਪਰੰਤ ਮ੍ਰਿਤਕ ਦੇ ਸਪਾਉਸ ਨੂੰ ਮ੍ਰਿਤਕ ਦੀ ਰਿਟਾਇਰਮੈਂਟ ਦੀ ਮਿਤੀ ਤੱਕ ਉਸ ਦੀ ਆਖਰੀ ਤਨਖਾਹ ਦੇ ਬਰਾਬਰ ਇਹ ਪੈਨਸ਼ਨ ਦਿਤੀ ਜਾਂਦੀ ਹੈ। ਮ੍ਰਿਤਕ ਦੇ ਨਿਰਭਰ ਬੱਚੇ ਨੂੰ ਪੈਨਸ਼ਨ ਦੇਣ ਦੀ ਸੂਰਤ ਵਿੱਚ ਇਹ ਸੀ ਐਸ ਆਰ ਦੇ ਨਿਯਮਾਂ ਅਨੁਸਾਰ ਉਸ / ਉਹਨਾਂ ਦੀ ਨਿਰਧਾਰਿਤ ਉਮਰ ਸੀਮਾ ਤੱਕ ਹੀ ਅਦਾ ਕੀਤੀ ਜਾਂਦੀ ਹੈ।

ਉਪਰੋਕਤ ਵਿਆਖਿਅਤ ਚਾਰੇ ਕੇਸਾਂ ਵਿਚ ਮ੍ਰਿਤਕ ਅਧਿਕਾਰੀ / ਕਰਮਚਾਰੀ ਦੀ ਰਿਟਾਇਰਮੈਂਟ ਦੀ ਮਿਤੀ ਤੋਂ ਬਾਦ ਸਿਰਫ ਨਾਰਮਲ ਪਰਿਵਾਰਿਕ ਪੈਨਸ਼ਨ ਹੀ ਅਦਾ ਕੀਤੀ ਜਾਂਦੀ ਹੈ।

ਉਪਰੋਕਤ ਵਿਆਖਿਅਤ ਕੇਸਾਂ ਵਿਚ ਪਰਿਵਾਰਿਕ ਪੈਨਸ਼ਨ ਹਾਸਿਲ ਕਰਨ ਲਈ ਬਿਜਲੀ ਬੋਰਡ ਵਲੋਂ ਨਿਰਧਾਰਿਤ ਪ੍ਰਫਾਰਮੇ ਤੇ ਭਰ ਕੇ ਬਿਨੈਕਾਰ ਵਲੋਂ ਅਰਜੀ ਉਸ ਦਫਤਰ ਵਿਚ ਦੇਣੀ ਹੁੰਦੀ ਹੈ ਜਿਥੇ ਮ੍ਰਿਤਕ ਆਪਣੀ ਮੌਤ ਸਮੇਂ ਕੰਮ ਕਰਦੀ/ ਕਰਦਾ ਸੀ। ਪਰਿਵਾਰਿਕ ਪੈਨਸ਼ਨ ਦੇ ਸੈਟ ਵਿੱਚ ਪੈਨਸ਼ਨ ਮੰਨਜੂਰੀ ਅਤੇ ਗਰੈਚੂਟੀ ਮੰਨਜੂਰੀ ਦੇ ਅਲੱਗ ਅਲੱਗ ਫਾਰਮ ਹਨ। ਇਹਨਾਂ ਫਾਰਮ ਉਪਰ ਮੰਨਜੂਰ ਕਰਤਾ ਅਧਿਕਾਰੀ ਵਲੋਂ ਜਿਸ ਨੂੰ ਪੈਨਸ਼ਨ ਅਦਾ ਕਰਨੀ ਹੈ ਅਤੇ ਗਰੈਚੂਟੀ ਅਦਾ ਕਰਨੀ ਹੈ ਦਾ ਨਾਮ ਲਿਖ ਕੇ ਦਿਤੇ ਜਾਣ ਯੋਗ ਰਕਮ ਦਾ ਵੇਰਵਾ ਦੇ ਕੇ ਮੰਨਜੂਰੀ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਲਈ ਅਲਗ ਅਲਗ ਫਾਰਮ ਵਿੱਚ ਲੋੜੀਂਦੇ ਕਾਲਮ ਦੀ ਪ੍ਰੋਵੀਜਨ ਕੀਤੀ ਗਈ ਹੈ। ਆਮ ਤੌਰ ਤੇ ਵੇਖਣ ਵਿਚ ਆ ਰਿਹਾ ਹੈ ਕਿ ਇਹ ਕਾਲਮ ਖਾਲੀ ਹੀ ਇਸ ਦਫਤਰ ਵਿਚ ਪ੍ਰਾਪਤ ਹੋ ਰਹੇ ਹਨ। ਇਸ ਲਈ ਇਸ ਕੰਮ ਵੱਲ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਜਰੂਰਤ ਹੈ।

ਪਰਿਵਾਰਿਕ ਪੈਨਸ਼ਨ ਦੀ ਮੰਨਜੂਰੀ ਦੇਣ ਵਿੱਚ ਇਸ ਕਰ ਕੇ ਕੋਈ ਢਿਲ ਨਹੀਂ ਕਰਨੀ ਚਾਹੀਦੀ ਕਿ ਮ੍ਰਿਤਕ ਪਾਸੋਂ ਭਾਰੀ ਰਕਮ ਉਗਰਾਹੁਣੀ ਰਹਿੰਦੀ ਹੈ। ਪਰਿਵਾਰਿਕ ਪੈਨਸ਼ਨ ਬੋਰਡ ਵਲੋਂ ਮ੍ਰਿਤਕ ਦੇ ਪਰਿਵਾਰ ਦੇ

ਪਾਲਨ ਪੋਸ਼ਨ ਲਈ ਦਿਤੇ ਜਾਣ ਵਾਲਾ ਦਾਨ ਹੈ ਦਿਤੇ ਗਏ ਦਾਨ ਨੂੰ ਨਾ ਹੀ ਕਦੀ ਵਾਪਿਸ ਲਿਆ ਜਾਂਦਾ ਹੈ ਅਤੇ ਨਾ ਹੀ ਕੋਈ ਕੱਟ ਲਗਾਈ ਜਾਂਦੀ ਹੈ। ਇਸ ਲਈ ਇਹ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ਕਿ ਹਰ ਮ੍ਰਿਤਕ ਦੇ ਪਰਿਵਾਰ ਨੂੰ ਉਸ ਦੀ ਮੌਤ ਤੋ ਬਾਦ ਤੁਰੰਤ ਪਰਿਵਾਰਿਕ ਪੈਨਸ਼ਨ ਮਿਲ ਸਕੇ।

**ਇਸ ਦਫਤਰ ਦਾ ਮੁੱਖ ਮੰਤਵ ਹੀ ਪੈਨਸ਼ਨਰ ਦੀ ਸੁਚੱਜੀ ਅਤੇ ਸੁਚਾਰੂਸੇਵਾ ਕਰਨਾਂ ਹੈ।** ਇਸ ਲਈ ਉਪਰੋਕਤ ਵਿਆਖਿਅਤ ਪਰਿਵਾਰਿਕ ਪੈਨਸ਼ਨ ਕੇਸਾਂ ਵਿਚ ਜਦੋਂ ਵੀ ਕੋਈ ਕੇਸ ਇਸ ਦਫਤਰ ਨੂੰ ਭੇਜਣਾ ਹੋਵੇ ਉਸ ਨਾਲ ਸਬੰਧਤ ਹੇਠ ਲਿਖੇ ਡਾਕੂਮੈਂਟਸ ਜੋ ਜਿਸ ਕੇਸ ਨਾਲ ਲਗਾਉਣ ਲਈ ਲਿਖੇ ਗਏ ਹਨ ਜਰੂਰ ਨੱਥੀ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਹਰ ਕੇਸ ਦਾ ਬਿਨਾਂ ਕਿਸੇ ਦੇਰੀ ਤੋਂ ਇਸ ਦਫਤਰ ਵਿਚ ਨਿਪਟਾਰਾ ਹੋ ਸਕੇ। ਮੁੰਕਮਲ ਅਤੇ ਸਹੀ ਕੇਸ ਪ੍ਰਾਪਤ ਹੋਣ ਦੀ ਸੂਰਤ ਵਿਚ ਇਸ ਦਫਤਰ ਵਲੋਂ ਕੋਈ ਬੈਕ ਰੈਫਰੰਸ ਨਹੀਂ ਕਰਨਾ ਪਵੇਗਾ ਅਤੇ ਹਰ ਕੇਸ ਦਾ ਤੁਰੰਤ ਨਿਪਟਾਰਾ ਹੋਣ ਨਾਲ ਮ੍ਰਿਤਕ ਦੇ ਪਰਿਵਾਰ ਨੂੰ ਸਮੇਂ ਸਿਰ ਪੈਨਸ਼ਨ ਮਿਲਣ ਲਗ ਜਾਵੇਗੀ।

1 ਮੌਤ ਦਾ ਸਰਟੀਫਿਕੇਟ

2 ਵਿਧਵਾ / ਵਿਧੁਰ ਦਾ ਹਲਫਿਆ ਬਿਆਨ ਕਿ ਉਹ ਮ੍ਰਿਤਕ ਦੀ /ਦਾ ਇਕੋ ਇੱਕ ਪਤੀ / ਪਤਨੀ ਹੈ। ਉਹ ਕਿਸੇ ਹੋਰ ਅਦਾਰੇ ਵਿਚੋਂ ਆਪ ਪੈਨਸ਼ਨ ਨਹੀ ਲੈ ਰਿਹਾ / ਰਹੀ। ਜੇ ਕਰ ਉਸ ਦਾ ਪਤੀ / ਪਤਨੀ ਮਿਲਟਰੀ ਤੋਂ ਪੈਨਸ਼ਨ ਹਾਸਿਲ ਕਰ ਰਿਹਾ ਸੀ ਤਾਂ ਉਸ ਦਾ ਵੇਰਵਾ ਵੀ ਦੇਵੇ। ਇਸ ਦਾ ਨਮੂਨਾਂ ਪੈਨਸ਼ਨ ਸੈਟ ਦੇ ਨਾਲ ਉਪਲਬੱਧ ਹੈ। ਇਸ ਹਲਫੀਆ ਬਿਆਨ ਨੂੰ ਅਸਟਾਮ ਫੀਸ ਨਹੀਂ ਲੱਗਦੀ। ਇਹ ਸਧਾਰਨ ਪੇਪਰ ਤੇ ਹੀ ਦਿਤਾ ਜਾ ਸਕਦਾ ਹੈ। ਇਸ ਦੀ ਤਸਦੀਕ ਦਰਜਾ ਅਵੱਲ ਮੇਜਿਸਟ੍ਰੇਟ ਪਾਸੋਂ ਕਰਵਾਈ ਜਾਣੀ ਚਾਹੀਦੀ ਹੈ

3 ਬਿਨੈਕਰਤਾ ਦਾ ਜਨਮ ਸਰਟੀਫਿਕੇਟ ਜੇ ਮਿਲ ਸਕਦਾ ਹੋਵੇ ਤਾਂ ਜਰੂਰ ਪੈਨਸ਼ਨ ਸੈਟ ਦੇ ਨਾਲ ਨੱਥੀ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪੈਨਸ਼ਨਰ ਨੂੰ 65 ਅਤੇ 75 ਸਾਲਾ 5% ਬੁਢਾਪਾ ਪੈਨਸ਼ਨ ਲਾਭ ਸਮੇ ਸਿਰ ਦਿਤਾ ਜਾ ਸਕੇ। ਇਹ ਸਰਟੀਫਿਕੇਟ ਨਾ ਮਿਲਨ ਦੀ ਸੂਰਤ ਵਿਚ ਪੈਨਸ਼ਨ ਕੇਸ ਰੋਕਣ ਦੀ ਲੋੜ ਨਹੀਂ। ਬਿਨੈਕਰਤਾ ਨੂੰ ਅਪਣੀ ਜਨਮ ਸਨਦ ਹਾਸਿਲ ਕਰਕੇ ਸਬੰਧਤ ਦਫਤਰ ਨੂੰ ਜਲਦੀ ਤੋਂ ਜਲਦੀ ਦੇਣ ਲਈ ਬੇਨਤੀ ਕੀਤੀ ਜਾਵੇ

**4 ਮ੍ਰਿਤਕ ਦੀ ਵਿਧਵਾ / ਵਿਧੁਰ ਨਾ ਹੋਣ ਦੀ ਸੂਰਤ ਵਿਚ ਬੱਚਿਆਂ ਦਾ ਜਨਮ ਸਰਟੀਫਿਕੇਟ ਅਤੇ ਸਬੰਧਤ ਜ਼ਿਲਾ ਡਿਪਟੀ ਕਮਿਸ਼ਨਰ ਵਲੋਂ ਜਾਰੀ ਨਿਰਭਰਤਾ ਅਤੇ ਇਨਕਮ ਸਰਟੀਫਿਕੇਟ ਕੇਸ ਨਾਲ ਜਰੂਰ ਭੇਜਿਆ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਉਹਨਾਂ ਨੂੰ ਪੈਨਸ਼ਨ ਨਹੀਂ ਦਿਤੀ ਜਾ ਸਕਦੀ। ਇਹ ਆਮ ਵੇਖਣ ਵਿਚ ਆਇਆ ਹੈ ਕਿ ਇਹਨਾਂ ਕੇਸਾਂ ਵਿੱਚ ਸਬੰਧਤ ਜ਼ਿਲਾ ਡਿਪਟੀ ਕਮਿਸ਼ਨਰ ਵਲੋਂ ਜਾਰੀ ਨਿਰਭਰਤਾ ਅਤੇ ਇਨਕਮ ਸਰਟੀਫਿਕੇਟ ਕੇਸ ਨਾਲ ਨਹੀਂ ਭੇਜਿਆ ਜਾਂਦਾ ਜਿਸ ਨਾਲ ਪੈਨਸ਼ਨ ਕੇਸ ਮਹੀਨਿਆਂ ਬੱਧੀਂ ਲਮਕਾ ਅਵਸਥਾ ਵਿਚ ਪਿਆ ਰਹਿੰਦਾ ਹੈ। ਇਸ ਲਈ ਕੇਸ ਭੇਜਣ ਲਗਿਆਂ ਇਹਨਾਂ ਸਰਟੀਫਿਕੇਟਾਂ ਨੂੰ ਭੇਜਣ ਦਾ ਖਾਸ ਧਿਆਨ ਰਖਿਆ ਜਾਵੇ।**

5 ਮ੍ਰਿਤਕ ਦਾ ਜੇ ਕਰ ਕੋਈ ਹੈਂਡੀਕੇਪ ਬੱਚਾ ਹੈ ਤਾਂ ਕ੍ਰਮ ਨੰ 3 ਤੇ ਦਰਜ ਸਰਟੀਫਿਕੇਟਾਂ ਦੇ ਨਾਲ ਨਾਲ ਸਬੰਧਤ ਜਿਲਾ ਸਿਵਲ ਸਰਜਨ ਵਲੋਂ ਜਾਰੀ ਹੈਂਡੀਕੇਪ ਸਰਟੀਫਿਕੇਟ।

6 ਜੇਕਰ ਮ੍ਰਿਤਕ ਦੀ ਕੋਈ ਵਿਧਵਾ ਲੜਕੀ ਹੈ ਤਾਂ ਉਸ ਦੇ ਕ੍ਰਮ ਨੰ 3 ਤੇ ਦਰਜ ਸਰਟੀਫਿਕੇਟਾਂ ਤੋਂ ਇਲਾਵਾ ਉਸ ਦੇ ਪਤੀ ਦੀ ਮੌਤ ਦਾ ਸਰਟੀਫਿਕੇਟ ਅਤੇ ਸਹੁਰਿਆਂ ਵਲੋ ਕਿਸੇ ਕਿਸਮ ਦੀ ਇਮਦਾਦ ਨਾ ਮਿਲਣ ਸਬੰਧੀ ਅਤੇ ਕੋਈ ਜਾਇਦਾਦ ਆਦਿ ਨਾ ਹੋਣ ਤੋਂ ਇਲਾਵਾ ਪਤੀ ਵਲੋਂ ਵੀ ਉਸ ਦੀ ਰੋਟੀ ਦਾ ਕੋਈ ਵਸੀਲਾ ਨਹੀਂ

ਛੱਡਿਆ ਗਿਆ ਹੈ ਸਬੰਧੀ ਸਬੰਧਤ ਡੀ ਸੀ ਵਲੋਂ ਜਾਰੀ ਸਰਟੀਫਿਕੇਟ।

7 ਜੇ ਕਰ ਮ੍ਰਿਤਕ ਦੇ ਪਤੀ / ਪਤਨੀ, ਬੱਚੇ, ਹੈਂਡੀਕੈਪ ਬੱਚੇ ਅਤੇ ਵਿਧਵਾ ਪੁਤਰੀ ਆਦਿ ਕੋਈ ਵੀ ਨਹੀਂ ਹੈ ਅਤੇ ਉਹ ਆਪਣੇ ਪਿੱਛੇ ਆਪਣੇ ਤੇ ਨਿਰਭਰ ਆਪਣੀ ਮਾਤਾ ਜਾਂ ਪਿਤਾ ਨੂੰ ਛੱਡ ਕੇ ਗਿਆ ਹੈ ਤਾਂ ਮਾਤਾ ਦੇ ਕੇਸ ਵਿੱਚ ਪਿਤਾ ਦੀ ਮੌਤ ਦਾ ਸਰਟੀਫਿਕੇਟ ਅਤੇ ਸਬੰਧਤ ਡੀ ਸੀ ਪਾਸੋਂ ਜਾਰੀ ਸਰਟੀਫਿਕੇਟ ਕਿ ਮਾਤਾ ਕਿਹਨਾਂ ਕਾਰਨਾਂ ਕਰਕੇ ਅਪਣੇ ਪਤੀ ਦੀ ਵਜਾਏ ਪੁਤਰ ਤੇ ਨਿਰਭਰ ਸੀ। ਜੇ ਕਰ ਮਾਤਾ ਪਿਤਾ ਦੋਵੇਂ ਹੀ ਮ੍ਰਿਤਕ ਪੁਤਰ ਤੇ ਨਿਰਭਰ ਸਨ ਫਿਰ ਇਸ ਸਬੰਧੀ ਲੋੜੀਂਦਾ ਸਰਟੀਫਿਕੇਟ ਕਿ ਅਜਿਹਾ ਕਿਉਂ ਹੈ। ਮ੍ਰਿਤਕ ਦਾ ਹੋਰ ਕੋਈ ਭੈਣ ਭਰਾ ਹੈ ਜਾਂ ਨਹੀਂ ਜੇ ਹਨ ਤਾਂ ਮਾਤਾ ਪਿਤਾ ਉਹਨਾਂ ਤੇ ਨਿਰਭਰ ਕਿਉਂ ਨਹੀਂ ਹਨ ਸਬੰਧੀ ਡੀਸੀ ਦਾ ਸਰਟੀਫਿਕੇਟ। ਮਾਤਾ ਜਾਂ ਮਾਤਾ ਅਤੇ ਪਿਤਾ ਦੀ ਸਲਾਨਾਂ ਆਮਦਨੀ ਕਿੰਨੀ ਹੈ ਸਬੰਧੀ ਸਬੰਧਤ ਡੀ ਸੀ ਵਲੋਂ ਜਾਰੀ ਸਰਟੀਫਿਕੇਟ।

8 ਪੈਨਸ਼ਨ ਲਈ ਬਿਨੈਕਾਰ ਦੀਆਂ ਤਿੰਨ ਤਾਜਾ ਪਾਸ ਪੋਰਟ ਸਾਈਜ ਫੋਟੋਆਂ ਜਿਹਨਾਂ ਦੇ ਫੇਸ ਵਾਲੇ ਪਾਸੇ ਉਹਨਾਂ ਦਾ ਨਾ ਅਤੇ ਵਲਦੀਅਤ ਲਿਖ ਕੇ ਪਰਿਵਾਰਿਕ ਪੈਨਸ਼ਨ ਕੇਸ ਭੇਜਣ ਵਾਲੇ ਅਧਿਕਾਰੀ ਵਲੋਂ ਤਸਦੀਕ ਕੀਤੀਆਂ ਹੋਣੀਆਂ ਚਾਹੀਦੀਆਂ ਹਨ। ਇਹਨਾਂ ਨੂੰ ਇਸ ਤਰ੍ਹਾਂ ਛੋਟੇ ਲਿਫਾਫੇ ਵਿਚ ਬੰਦ ਕਰਕੇ ਸਟੈਪਲ ਕੀਤਾ ਜਾਣਾ ਚਾਹੀਦਾ ਹੈ ਕਿ ਇਹਨਾਂ ਉਪਰ ਕਿਸੇ ਕਿਸਮ ਦੀ ਕੋਈ ਖਰੋਚ ਆਦਿ ਨਾ ਆ ਸਕੇ। ਇਹਨਾਂ ਫੋਟੋਆਂ ਨੂੰ ਪੀ ਪੀ ਓ ਤੇ ਲਗਾਉਣਾ ਹੁੰਦਾ ਹੈ ਤਾਂ ਜੋ ਪੈਨਸ਼ਨਰ ਦੀ ਸਹੀ ਪਹਿਚਾਣ ਹੋ ਸਕੇ।

2 **ਨਕਾਰਾ ਪੈਨਸ਼ਨ** : ਇਹ ਉਸ ਬੋਰਡ ਅਧਿਕਾਰੀ / ਕਰਮਚਾਰੀ ਨੂੰ ਅਦਾ ਕੀਤੀ ਜਾਂਦੀ ਹੈ ਜਿਹੜਾ ਬੋਰਡ ਦੀਆ ਸੇਵਾਵਾਂ ਕਰਦੇ ਸਮੇਂ ਕੰਮ ਦੇ ਪ੍ਰਭਾਵਾਂ ਕਾਰਨ ਨਕਾਰਾ ਹੋ ਜਾਂਦੇ ਨਾ ਕਿ ਅਪਣੀਆਂ ਗਲਤ ਆਦਤਾਂ ਅਤੇ ਨਸਿਆਂ ਦਾ ਸੇਵਨ ਕਰਕੇ ਨਕਾਰਾ ਹੋਵੇ। ਇਸ ਕੇਸ ਦੇ ਨਾਲ ਮੈਡੀਕਲ ਬੋਰਡ ਦਾ ਸਰਟੀਫਿਕੇਟ, ਸਪਸ਼ਟ ਨਕਾਰਾ ਦੀ ਪਰਸੈਂਟੇਜ ਅਤੇ ਨਕਾਰਾ ਹੋਣ ਦੇ ਕਾਰਨ ਦਰਸਾਉਂਦਾ ਹੋਇਆ, ਲੱਗਿਆ ਹੋਣਾਂ ਚਾਹੀਦਾ ਹੈ। ਇਹ ਪੈਨਸ਼ਨ ਹਾਸਲ ਕਰਨ ਲਈ ਪੈਨਸ਼ਨ ਹਾਸਲ ਕਰਨ ਵਾਲਾ ਫਾਰਮ ਹੀ ਭਰਿਆ ਜਾਣਾ ਚਾਹੀਦਾ ਹੈ। ਪੈਨਸ਼ਨ ਮੰਨਜੂਰ ਕਰਤਾ ਅਧਿਕਾਰੀ ਵਲੋਂ ਅਧਿਕਾਰੀ / ਕਰਮਚਾਰੀ ਨੂੰ ਨਕਾਰਾ ਹੋਣ ਕਾਰਨ ਰਿਟਾਇਰ ਕਰਨ ਦੇ ਹੁਕਮਾਂ ਦੀ ਕਾਪੀ ਨਾਲ ਨੱਥੀ ਹੋਣੀ ਚਾਹੀਦੀ ਹੈ।

ਜੇਕਰ ਨਕਾਰਾ ਕਰਮਚਾਰੀ ਜਿਸ ਨੂੰ ਰਿਟਾਇਰ ਕੀਤਾ ਗਿਆ ਹੈ ਆਪਣੀ ਪੈਨਸ਼ਨ ਨਿਯਮਾਂ ਅਧੀਨ ਕਮਿਊਟ ਕਰਵਾਉਣੀ ਚਾਹੁੰਦਾ ਹੈ ਤਾ ਉਸ ਦੇ ਕਮਿਊਟੇਸ਼ਨ ਬਿਨੇ ਪਤੱਰ ਉਪਰ "ਮੰਨਜੂਰ ਕੀਤੀ ਜਾਂਦੀ ਹੈ" ਲਿਖ ਕੇ, ( ਬਿਲਕੁਲ ਰਿਟੈਾਇਰਮੈਂਟ ਕੇਸ ਦੀ ਤਰ੍ਹਾਂ ) ਨਾਲ ਭੇਜਿਆ ਜਾਣਾਂ ਚਾਹੀਦਾ ਹੈ ਤਾਂ ਜੋ ਉਸ ਨੂੰ ਪੀ ਪੀ ਓ ਦੇ ਨਾਲ ਹੀ ਸੀ ਵੀ ਓ ਵੀ ਜਾਰੀ ਕੀਤਾ ਜਾ ਸਕੇ।

**ਐਕਸਗਰੇਸ਼ਿਆ ਦੀ ਅਦਾਇਗੀ** : ਜਿਸ ਵੀ ਅਧਿਕਾਰੀ / ਕਰਮਚਾਰੀ ਦੀ ਮੌਤ ਆਪਣੇ ਸੇਵਾਕਾਲ ਦੌਰਾਨ ਹੋ ਜਾਂਦੀ ਹੈ ਦੀ ਵਿਧਵਾ / ਵਿਧੁਰ ਨੂੰ ਆਮ ਕੇਸ ਵਿੱਚ 50 ਹਜਾਰ ਰੁਪਏ ਅਤੇ ਅਸਾਧਾਰਨ ਪੈਨਸ਼ਨ ਦੇ ਕੇਸ ਵਿਚ ਮ੍ਰਿਤਕ ਦੀਆਂ 24 ਮੂਲ ਤੱਨਖਾਹਾਂ ਘੱਟੋ ਘੱਟ ਇਕ ਲੱਖ ਰੁਪਏ ਵੱਧ ਤੋਂ ਵੱਧ 3 ਲੱਖ ਰੁਪਏ ਜੋ ਵੀ ਬਣਦਾ ਹੈ ਬਤੌਰ ਐਕਸਗਰੇਸਿਆ ਦਿੱਤਾ ਜਾਂਦਾ ਹੈ। ਇਸ ਲਈ ਮ੍ਰਿਤਕ ਦੇ ਸਪਾਉਸ ਪਾਸੋਂ ਇਕ ਬਿਨੈ ਪੱਤਰ, ਮੌਤ ਦਾ ਸਰਟੀਫਿਕੇਟ ਹਾਸਿਲ ਕਰਨ ਉਪਰੰਤ ਪੈਨਸ਼ਨ ਮੰਨਜੂਰ ਕਰਤਾ ਅਧਿਕਾਰੀ ਵਲੋਂ ਸਪਾਉਸ ਦੇ ਨਾਮ ਸਹਿਤ ਇਹ ਦਾਨ ਰਾਸੀ ਮੰਨਜੂਰ ਕੀਤੀ ਜਾਂਦੀ ਹੈ। ਇਹ ਦਾਨ ਰਾਸ਼ੀ ਮੰਨਜੂਰ ਕਰਦੇ ਸਮੇਂ ਟੈਕਨੀਕਲ ਕਰਮਚਾਰੀ ਦਰਜਾ ਚਾਰ ਅਤੇ ਤਿੰਨ ਜਿਹਨਾਂ ਨੂੰ ਵਰਕਮੈਨ ਕੰਮਪਨਸੇਸ਼ਨ ਐਕਟ ਅਧੀਨ ਮੁਆਵਜਾ ਮਿਲਦਾ ਹੈ ਦੇ ਕੇਸ

ਵਿਚ ਸਪੱਸ਼ਟ ਸਰਟੀਫਿਕੇਟ ਦੇਣਾ ਚਾਹੀਦਾ ਹੈ ਕਿ ਇਸ ਮ੍ਰਿਤਕ ਦੇ ਵਾਰਿਸ ਨੂੰ ਵਰਕਮੈਨ ਕੰਮਪਨਸ਼ੇਸਨ ਐਕਟ ਅਧੀਨ ਕੋਈ ਮੁਆਵਜਾ ਨਹੀਂ ਦਿਤਾ ਗਿਆ ਅਤੇ ਨਾ ਹੀ ਭਵਿੱਖ ਵਿਚ ਦਿਤਾ ਜਾਵੇਗਾ। **ਜਿਸ ਮ੍ਰਿਤਕ ਦੇ ਵਾਰਿਸ ਨੂੰ ਮੁਆਵਜਾ ਦਿਤਾ ਜਾਂਦਾ ਹੈ ਉਸ ਨੂੰ ਲਿਵਰਲਾਈਜਡ ਪੈਨਸ਼ਨ ਵੀ ਨਹੀਂ ਦਿਤੀ ਜਾਂਦੀ।** ਬਹੁਤ ਚੰਗਾ ਹੋਵੇਗਾ ਜੇ ਕਰ ਅਜਿਹੀ ਵਿਵਸਥਾ ਕਰ ਲਈ ਜਾਵੇ ਕਿ ਪਰਿਵਾਰਿਕ ਪੈਨਸ਼ਨ ਕੇਸ ਅਤੇ ਐਕਸਗਰੇਸ਼ਿਆ ਅਦਾਇਗੀ ਕੇਸ ਇੱਕਠਾ ਅਤੇ ਤੁਰੰਤ ਇਸ ਦਫਤਰ ਨੂੰ ਭੇਜਣ ਦੀ ਕਸ਼ਿਸ ਕੀਤੀ ਜਾਵੇ। ਇਹ ਵੇਖਣ ਵਿਚ ਆ ਰਿਹਾ ਹੈ ਕਿ ਐਕਸਗਰੇਸ਼ਿਆ ਮੰਨਜੂਰੀ ਹੁਕਮ ਇਸ ਦਫਤਰ ਵਿੱਚ ਪ੍ਰਾਪਤ ਹੋ ਜਾਂਦੇ ਹਨ ਪਰ ਬਾਕੀ ਡਾਕੂਮੈਂਟਸ ਨਾ ਆਉਣ ਕਾਰਨ ਇਸ ਦੀ ਅਦਾਇਗੀ ਮ੍ਰਿਤਕ ਦੇ ਸਪਾਊਸ ਨੂੰ ਸਾਲਾ ਬੱਧੀ ਨਹੀਂ ਹੁੰਦੀ। ਇਹ ਰਕਮ ਮ੍ਰਿਤਕ ਦੇ ਪਰਿਵਾਰ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਲਈ ਦਿਤੀ ਜਾਂਦੀ ਹੈ, ਜਿਹੜੀ ਕਿ ਤੁਰੰਤ ਦਿਤੀ ਜਾਣੀ ਚਾਹੀਦੀ ਹੈ ਨਾ ਕਿ ਸਾਲਾਂ ਬਾਦ ਜਦੋਂ ਮ੍ਰਿਤਕ ਦਾ ਪਰਿਵਾਰ ਸਾਰੀਆਂ ਔਕੜਾਂ ਝੱਲ ਚੁਕਿਆ ਹੋਵੇ। ਇਸ ਅਦਾਇਗੀ ਲਈ ਜੇ ਇੱਕਲਾ ਕੇਸ ਭੇਜਿਆ ਜਾਂਦਾ ਹੈ ਤਾਂ ਇਸ ਦਫਤਰ ਨੂੰ ਕੇਸ ਦੇ ਨਾਲ ਕਲੇਮਕਰਤਾ ਦਾ ਬਿਨੈ ਪਤਰ ਸਮੇਤ ਹਲਫਿਆ ਬਿਆਨ, ਮੰਨਜੂਰੀ ਦਫਤਰੀ ਹੁਕਮ ਜਿਸ ਵਿਚ ਜਿਸ ਨੂੰ ਅਦਾਇਗੀ ਕੀਤੀ ਜਾਣੀ ਹੈ ਦਾ ਨਾ ਜਰੂਰ ਦਰਸਾਇਆ ਗਿਆ ਹੋਵੇ, ਮੌਤ ਦਾ ਸਰਟੀਫਿਕੇਟ ਅਤੇ ਵਰਕਮੈਨ ਕੰਮਪਨਸ਼ੇਸਨ ਨਾ ਅਦਾ ਕਰਨ ਸਬੰਧੀ ਸਰਟੀਫਿਕੇਟ ਭੇਜਿਆ ਜਾਵੇ। ਕਲੈਰੀਕਲ ਅਤੇ ਸੁਪਰਵਾਈਜਰੀ ਸਟਾਫ ਦੇ ਕੇਸ ਵਿਚ ਇਸ ਸਰਟੀਫਿਕੇਟ ਦੀ ਜਰੂਰਤ ਨਹੀਂ ਕਿਓਂ ਕਿ ਇਹਨਾਂ ਨੂੰ ਇਸ ਐਕਟ ਅਧੀਨ ਮੁਆਵਜਾ ਨਹੀਂ ਮਿਲਦਾ ਹੈ।

ਆਸ ਹੈ ਕਿ ਤੁਸੀਂ ਉਪਰੋਕਤ ਗਾਈਡ ਲਾਈਨਜ ਦਾ ਪੂਰਾ ਪੂਰਾ ਫਾਇਦਾ ਉਠਾਓਗੇ ਅਤੇ ਪਰਿਵਾਰਿਕ ਪੈਨਸ਼ਨ ਕੇਸ ਤਿਆਰ ਕਰਕੇ ਭੇਜਦੇ ਸਮੇਂ ਇਹਨਾਂ ਦੀ ਪਾਲਣਾਂ ਯਕੀਨੀ ਬਣਾਓਗੇ। ਇਸ ਨਾਲ ਪਰਿਵਾਰਿਕ ਪੈਨਸ਼ਨ ਕੇਸਾਂ ਦਾ ਤੁਰੰਤ ਨਿਪਟਾਰਾ ਹੋ ਸਕੇਗਾ ਅਤੇ ਪੈਨਸ਼ਨਰ ਨੂੰ ਕਿਸੇ ਕਿਸਮ ਦੀ ਔਕੜ ਦਾ ਸਾਮ੍ਹਣਾਂ ਨਹੀਂ ਕਰਨਾਂ ਪਵੇਗਾ।

ਇਹਨਾਂ ਹਦਾਇਤਾ ਦੀ ਪਾਲਣਾਂ ਯਕੀਨੀ ਬਣਾਈ ਜਾਵੇ।

29/9/06

(ਹਰਦੀਪ ਸਿੰਘ)
ਉਪ ਮੁੱਖ ਲੇਖਾ ਅਫਸਰ / ਪੈਨਸ਼ਨ ਅਤੇ ਫੰਡਜ,
ਵਾਸਤੇ ਮੁਖ ਲੇਖਾ ਅਫਸਰ, ਪੀ ਐਸ ਈ ਬੀ, ਪਟਿਆਲਾ